## ਪਾਸ਼

ਪਾਸ਼ ਆਧੁਨਿਕ ਪੰਜਾਬੀ ਕਵਿਤਾ ਦੀ ਨਕਸਲਵਾੜੀ ਲਹਿਰ ਦਾ ਪ੍ਰਮੁੱਖ ਅਤੇ ਪ੍ਰਤਿਨਿਧ ਕਵੀ ਸੀ। ਉਸ ਦਾ ਅਸਲ ਨਾਂ ਅਵਤਾਰ ਸਿੰਘ ਸੰਧੂ ਸੀ। ਪਾਸ਼ ਦਾ ਜਨਮ 9 ਸਤੰਬਰ, 1950 ਈ. ਨੂੰ ਪਿੰਡ ਤਲਵੰਡੀ ਸਲੇਮ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਪਾਸ਼ ਇੱਕ ਮੱਧਵਰਗੀ ਕਿਰਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਪਾਸ਼ ਦੇ ਪਿਤਾ ਸ. ਸੋਹਨ ਸਿੰਘ ਸੰਧੂ ਭਾਰਤੀ ਫ਼ੌਜ ਦੇ ਮੇਜਰ ਦੇ ਪਦ ਤੋਂ ਰਿਟਾਇਰ ਹੋਏ। ਪਾਸ਼ ਨੇ 1964 ਵਿੱਚ ਮਿਡਲ ਪਾਸ ਕੀਤੀ ਅਤੇ ਜੂਨੀਅਰ ਟੈਕਨੀਕਲ ਸਕੂਲ ਕਪੂਰਥਲਾ ਵਿੱਚ ਦਾਖ਼ਲਾ ਲੈ ਲਿਆ। 1967 ਵਿੱਚ ਪੜ੍ਹਾਈ ਛੱਡ ਕੇ ਬਾਰਡਰ ਸਕਿਉਰਟੀ ਫੋਰਸ ਵਿੱਚ ਭਰਤੀ ਹੋ ਗਿਆ। ਪਰ ਇਹ ਨੌਕਰੀ ਵੀ ਉਸ ਨੂੰ ਰਾਸ ਨਾ ਆਈ ਅਤੇ ਉਹ ਨੌਕਰੀ ਛੱਡ ਕੇ ਪਿੰਡ ਵਾਪਸ ਆ ਗਿਆ। ਕਮਿਊਨਿਸਟ ਅੰਦੋਲਨ ਦੇ ਪ੍ਰਭਾਵ ਕਾਰਨ ਉਸ ਦੀ ਸਿਆਸੀ ਚੇਤਨਾ ਵਧਦੀ ਗਈ ਅਤੇ 15 ਸਾਲ ਦੀ ਛੋਟੀ ਉਮਰ ਵਿੱਚ ਹੀ ਉਸ ਨੇ ਪਹਿਲੀ ਕਵਿਤਾ ਲਿਖੀ।

1967 ਈ. ਵਿੱਚ ਪਾਸ਼ ਨਕਸਲਵਾੜੀ ਲਹਿਰ ਵਿੱਚ ਸਰਗਰਮ ਹੋ ਗਿਆ। ਇਸ ਦੌਰ ਦਾ ਬਹੁਤਾ ਸਮਾਂ ਉਸ ਨੇ ਜੇਲ੍ਹਾਂ ਵਿੱਚ ਹੀ ਗੁਜ਼ਾਰਿਆ। ਪਾਸ਼ ਦੀ ਬੇਬਾਕ ਤੇ ਨਿਡਰ ਸ਼ਖ਼ਸੀਅਤ ਨੇ ਉੱਚੀ ਸੁਰ ਵਿੱਚ ਹਥਿਆਰਬੰਦ ਇਨਕਲਾਬੀ ਪਰਿਵਰਤਨ ਦੇ ਵਿਚਾਰਾਂ ਨੂੰ ਤਰਜੀਹ ਦਿੱਤੀ ਅਤੇ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ। ਇਸ ਕਾਰਨ ਬਹੁਤ ਸਾਰੇ ਕੱਟੜ-ਧਰਮੀ ਲੋਕ ਉਸ ਦੇ ਖ਼ਿਲਾਫ਼ ਹੋ ਗਏ। 1986 ਵਿੱਚ ਉਸ ਦੇ ਜੀਵਨ ਨੂੰ ਖ਼ਤਰਾ ਭਾਂਪ ਕੇ ਉਸ ਦੇ ਦੋਸਤਾਂ ਨੇ ਉਸ ਨੂੰ ਵਿਦੇਸ਼ (ਅਮਰੀਕਾ) ਭੇਜ ਦਿੱਤਾ। 1988 ਈ. ਵਿੱਚ ਉਹ ਵੀਜ਼ਾ ਲੈਣ ਲਈ ਭਾਰਤ ਆਇਆ ਪਰ ਵਾਪਸ ਜਾਣ ਤੋਂ ਪਹਿਲਾਂ 23 ਮਾਰਚ, 1988 ਨੂੰ ਅੱਤਵਾਦੀਆਂ ਨੇ ਪਿੰਡ ਦੇ ਬਾਹਰਵਾਰ ਟਿਊਬਵੈੱਲ 'ਤੇ ਨਹਾਉਂਦਿਆਂ ਪਾਸ਼ ਨੂੰ ਉਸ ਦੇ ਮਿੱਤਰ ਹੰਸ ਰਾਜ ਹੰਸ ਸਮੇਤ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ।

## ਰਚਨਾਵਾਂ ਦਾ ਵੇਰਵਾ

ਪਾਸ਼ ਕੁੱਲ 37 ਸਾਲ ਦੀ ਉਮਰ ਵਿੱਚ ਆਪਣੀਆਂ ਮਾਨਵਵਾਦੀ ਤੇ ਕ੍ਰਾਂਤੀਕਾਰੀ ਰਚਨਾਵਾਂ ਕਾਰਨ ਪੰਜਾਬੀ ਦਾ ਸਿਰਮੌਰ ਕਵੀ ਹੋ ਨਿਬੜਿਆ। ਜਿਉਂਦੇ ਜੀ ਪਾਸ਼ ਦੇ ਤਿੰਨ ਕਾਵਿ-ਸੰਗ੍ਰਹਿ ਲੋਹ ਕਥਾ (1970), ਉਡਦੇ ਬਾਜ਼ਾਂ ਮਗਰ (1974), ਸਾਡੇ ਸਮਿਆਂ ਵਿੱਚ (1978) ਪ੍ਰਕਾਸ਼ਿਤ ਹੋਏ। ਅਮਰਜੀਤ ਚੰਦਨ ਨੇ ਪਾਸ਼ ਦੀਆਂ ਅਣਪ੍ਰਕਾਸ਼ਿਤ ਰਚਨਾਵਾਂ ਨੂੰ ਉਸ ਦੀ ਮੌਤ ਉਪਰੰਤ ਖਿਲਰੇ ਹੋਏ ਵਰਕੇ (1989) ਨਾਮੀ ਕਾਵਿ-ਸੰਗ੍ਰਹਿ ਵਿੱਚ ਸੰਪਾਦਿਤ ਕੀਤਾ। ਇਸ ਤੋਂ ਇਲਾਵਾ ਪਾਸ਼ ਦੀਆਂ ਚਿੱਠੀਆਂ, 'ਆਪਣੇ ਨਾਲ਼ ਗੱਲਾਂ' (ਡਾਇਰੀ), 'ਅੱਖਰ ਅੱਖਰ' (ਸਮੁੱਚੀ ਕਵਿਤਾ) ਵੀ ਪਾਸ਼ ਮੈਮੋਰੀਅਲ ਟਰੱਸਟ ਵਲੋਂ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ।

## ਯੋਗਦਾਨ

ਪਾਸ਼ ਕਾਵਿ ਦੀ ਸਿਰਜਣ-ਭੂਮੀ ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਉੱਤੇ ਵੱਸਦੀ ਪੇਂਡੂ ਕਿਰਤੀ ਲੋਕਾਈ ਹੈ। ਉਹ ਇੱਕ ਕ੍ਰਾਂਤੀਕਾਰੀ ਸ਼ਾਇਰ ਹੈ ਜਿਸ ਨੇ ਆਮ, ਗ਼ਰੀਬ ਤੇ ਕਿਰਤ ਵਰਗ ਦੇ ਲੋਕਾਂ ਦੇ ਅਣਗੌਲ਼ੇ ਸਰੋਕਾਰਾਂ ਨੂੰ ਤਿੱਖੀ ਸੁਰ ਵਿੱਚ ਸਮਾਜ ਦੇ ਸਾਹਮਣੇ ਲਿਆਂਦਾ। ਮਾਰਕਸਵਾਦੀ ਵਿਚਾਰਧਾਰਕ ਸੂਝ ਨੂੰ ਆਧਾਰ ਬਣਾ ਕੇ ਪਾਸ਼ ਨੇ ਨਾ ਸਿਰਫ਼ ਜਮਾਤੀ, ਰਾਜਸੀ, ਸੱਭਿਆਚਾਰਕ ਤੇ ਆਰਥਿਕ ਵਿਵਸਥਾ ਦੇ ਸੱਚ ਤੋਂ ਪਰਦਾ ਚੁੱਕਿਆ, ਸਗੋਂ ਨਾਲ਼ ਹੀ ਸਮਾਜਿਕ ਬਦਲਾਅ ਲਈ ਕ੍ਰਾਂਤੀ ਦੇ ਮਹੱਤਵ, ਲੋੜ ਅਤੇ ਸੰਭਾਵਨਾ ਨੂੰ ਤੀਬਰਤਮ ਰੂਪ ਵਿੱਚ ਆਪਣੀ ਕਵਿਤਾ ਰਾਹੀਂ ਪ੍ਰਗਟ ਕੀਤਾ। ਪਾਸ਼ ਕਾਵਿ ਦਾ ਮੂਲ ਮਨੋਰਥ ਮਨੁੱਖੀ ਜ਼ਿੰਦਗੀ ਦੇ ਗੌਰਵ ਤੇ ਸ਼ਾਨ ਨੂੰ ਸਥਾਪਿਤ ਕਰਨਾ ਹੈ। ਪਾਸ਼ ਸਹੂਲਤਾਂ ਤੋਂ ਮਹਿਰੂਮ ਆਮ ਲੋਕਾਂ ਦੀ ਜ਼ਿੰਦਗੀ ਨੂੰ ਭਰਪੂਰ ਤੇ ਉਤਸ਼ਾਹ ਨਾਲ਼ ਜਿਉਣ ਦੀ ਚਾਹਤ ਨੂੰ ਆਪਣੀ ਕਵਿਤਾ ਦਾ ਧੁਰਾ ਬਣਾਉਂਦਾ ਹੈ। ਜੀਣ ਦੀ ਅਜਿਹੀ ਸਿੱਕ ਦਾ ਪ੍ਰਗਟਾਵਾ ਪਾਸ਼ ਦੀ ਕਵਿਤਾ ਵਿੱਚ ਇਸ ਤਰ੍ਹਾਂ ਹੋਇਆ ਹੈ,

ਜਿਸ ਤਰ੍ਹਾਂ ਸੂਰਜ, ਹਵਾ ਤੇ ਬੱਦਲ
ਘਰਾਂ ਤੇ ਖੇਤਾਂ ਵਿੱਚ ਸਾਡੇ ਅੰਗ-ਸੰਗ ਰਹਿੰਦੇ ਹਨ
ਅਸੀਂ ਉਸੇ ਤਰ੍ਹਾਂ
ਹਕੂਮਤਾਂ, ਵਿਸ਼ਵਾਸਾਂ ਤੇ ਖ਼ੁਸ਼ੀਆਂ ਨੂੰ
ਆਪਣੇ ਨਾਲ਼ ਨਾਲ਼ ਤੱਕਣਾ ਚਾਹੁੰਦੇ ਹਾਂ।
ਭਾਵਿਓ, ਅਸੀਂ ਸਾਰਾ ਕੁਝ ਸੱਚੀ-ਮੁੱਚੀ ਦਾ ਦੇਖਣਾ ਚਾਹੁੰਦੇ ਹਾਂ
ਅਸੀਂ ਐਵੇਂ ਮੁੱਚੀ ਦਾ ਕੁਝ ਵੀ ਨਹੀਂ ਚਾਹੁੰਦੇ।

ਪਰ ਭਾਰਤ ਦੇ ਜਾਤ-ਪਾਤ, ਊਚ-ਨੀਚ, ਅਮੀਰ-ਗ਼ਰੀਬ ਆਦਿ ਵਰਗਾਂ ਵਿੱਚ ਵੰਡੇ ਸਮਾਜ ਵਿੱਚ ਜ਼ਿੰਦਗੀ ਦੀ ਉਪਰੋਕਤ ਤਾਂਘ ਪੂਰੀ ਨਹੀਂ ਹੋ ਸਕਦੀ। ਜ਼ਿੰਦਗੀ ਦੀ ਇਸ ਤਾਂਘ ਅਤੇ ਪ੍ਰਾਪਤ ਹਕੀਕਤ ਵਿੱਚੋਂ ਪਾਸ਼ ਕਾਵਿ ਦੀ ਕ੍ਰਾਂਤੀ ਚੇਤਨਾ ਜਨਮ ਲੈਂਦੀ ਹੈ। ਪਾਸ਼ ਦੀ ਕਵਿਤਾ ਵਿਚਲਾ ਕ੍ਰਾਂਤੀ ਦਾ ਥੀਮ ਮਨੁੱਖੀ ਹੋਂਦ ਦਾ ਸਮਾਨਾਰਥੀ ਹੈ। ਪਾਸ਼ ਕਾਵਿ ਵਿੱਚ ਸਮਕਾਲੀ ਜ਼ਿੰਦਗੀ ਦੀ ਭਿਆਨਕਤਾ, ਕਿਰਤੀ ਲੋਕਾਈ ਦੀ ਲੁੱਟ, ਕਿਰਤ ਵਰਗ ਦੀ ਜ਼ਲਾਲਤ ਅਤੇ ਸੰਤਾਪੀ ਜ਼ਿੰਦਗੀ ਦੇ ਜਿਹੜੇ ਬਿੰਬ ਪੇਸ਼ ਹੁੰਦੇ ਹਨ, ਉਹ ਪਾਸ਼ ਦੀ ਲੋਕ ਪੱਖੀ ਸੰਵੇਦਨਾ ਦੇ ਪ੍ਰਮਾਣ ਹਨ। ਆਪਣੀ ਇਸੇ ਸੰਵੇਦਨਾ ਕਾਰਨ ਪਾਸ਼ ਆਪਣੇ ਤੋਂ ਪਹਿਲੇ ਅਤੇ ਸਮਕਾਲੀ ਕਵੀਆਂ ਨਾਲ਼ੋਂ ਵੱਖ ਸਥਾਪਿਤ ਕਰ ਲੈਂਦਾਂ ਹੈ।

ਪਾਸ਼ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਖਹਿ ਕੇ ਲੰਘਦਾ ਰਿਹਾ। ਉਹ ਹਾਲਾਤ ਨਾਲ ਜੂਝਦਾ ਰਿਹਾ ਅਤੇ ਸਮੇਂ ਨਾਲ ਲੜਦਾ ਰਿਹਾ। ਇਹ ਸੰਘਰਸ਼ਮਈ ਜੀਵਨ ਅਨੁਭਵ ਤੇ ਦ੍ਰਿਸ਼ਟੀ ਹੀ ਉਸ ਦੀ ਕਵਿਤਾ 'ਚ ਢਲਦੀ ਗਈ ਜਿਸ ਕਰਕੇ ਉਸ ਦੀ ਕਵਿਤਾ ਵਿਲੱਖਣ, ਮੌਲਿਕ ਤੇ ਸੱਜਰਾ ਮੁਹਾਂਦਰਾ ਰੱਖਦੀ ਹੈ। ਸੰਘਰਸ਼ ਗਤੀਸ਼ੀਲਤਾ ਦਾ ਪ੍ਰਤੀਕ ਹੁੰਦਾ ਹੈ ਅਤੇ ਚੁੱਪ ਗਤੀਸ਼ੀਲਤਾ ਦੀ ਵਿਰੋਧੀ ਸਥਿਤੀ ਹੈ। ਚੁੱਪ-ਚਾਪ ਸਭ ਅੱਤਿਆਚਾਰ ਸਹਿ ਜਾਣ ਵਾਲ਼ਾ ਮਨੁੱਖ

ਜੀਵਨ ਸੰਘਰਸ਼ ਤੋਂ ਟੁੱਟ ਕੇ ਮੁਰਦਾ ਹੋਂਦ ਵਿੱਚ ਤਬਦੀਲ ਹੋ ਜਾਂਦਾ ਹੈ। ਚੁੱਪ ਤੋੜ ਕੇ ਬੋਲਣ ਦਾ ਨਿਰਣਾ ਲੈਣਾ ਪਾਸ਼ ਦੀ ਕੀਤੀ ਅਜਿਹੀ ਚੋਣ ਹੈ ਜਿਸ ਦੀ ਕਾਬਲੀਅਤ ਸਿਰਫ਼ ਇਨਸਾਨਾਂ ਵਿੱਚ ਹੀ ਹੁੰਦੀ ਹੈ। ਚੁੱਪ ਤੋੜ ਕੇ ਸਮਾਜਿਕ ਅਨਿਆਂ ਅਤੇ ਨਾ-ਬਰਾਬਰੀ ਖ਼ਿਲਾਫ਼ ਲੜਨ ਦਾ ਹੋਕਾ ਦਿੰਦਾ ਪਾਸ਼ ਕਹਿੰਦਾ ਹੈ,

ਕਿਰਤ ਦੀ ਲੁੱਟ, ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲੀਸ ਦੀ ਕੁੱਟ, ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ,
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ,
ਤੇ ਕੰਮ ਤੋਂ ਘਰ ਆ ਜਾਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਪਾਸ਼ ਦੀ ਕਾਵਿ-ਸੰਵੇਦਨਾ ਵਿੱਚ ਕ੍ਰਾਂਤੀ, ਸੰਘਰਸ਼ ਤੇ ਮੁਹੱਬਤ ਵੱਖਰੇ ਵੱਖਰੇ ਜੁਜ਼ (ਖੰਡ, ਅੰਸ਼, ਤੱਤ) ਨਹੀਂ ਹਨ, ਸਗੋਂ ਇੱਕੋ ਮਨੁੱਖੀ ਹੋਂਦ ਦੇ ਬਰਾਬਰੀ ਤੇ ਸਿਰਜਣਾਤਮਕ ਅੰਗ ਹਨ। ਕ੍ਰਾਂਤੀ ਲਈ ਸੰਘਰਸ਼ ਜ਼ਰੂਰੀ ਹੈ ਅਤੇ ਜ਼ਿੰਦਗੀ ਵਿੱਚ ਪਿਆਰ ਮਾਨਣ ਲਈ ਜੋਗ ਹਾਲਾਤ ਕ੍ਰਾਂਤੀ ਨਾਲ ਹੀ ਸੰਭਵ ਹੋ ਸਕਦੇ ਹਨ। ਪਾਸ਼ ਆਪਣੀ ਮਹਿਬੂਬਾ ਦੀਆਂ ਪਿਆਰ ਭਾਵਨਾਵਾਂ ਨੂੰ ਅਣਗੌਲਿਆ ਕਰ ਦਿੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਪ੍ਰਚਲਤ ਪੂੰਜੀਵਾਦੀ ਲੋਟੂ ਸਮਾਜ ਵਿੱਚ ਨਿਮਨ ਵਰਗਾਂ ਲਈ ਪਿਆਰ ਉਦੋਂ ਤੱਕ ਹਕੀਕਤ ਨਹੀਂ ਬਣ ਸਕਦਾ ਜਦੋਂ ਤੱਕ ਉਹ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਜੋਗੇ ਨਹੀਂ ਹੋ ਜਾਂਦੇ। ਇਸ ਲਈ ਉਹ ਪਿਆਰ ਤੋਂ ਪਹਿਲਾਂ ਪਿਆਰ ਦੇ ਲਾਇਕ ਸੰਸਾਰ ਦੀ ਸਿਰਜਣਾ ਕਰਨੀ ਜ਼ਰੂਰੀ ਸਮਝਦਾ ਹੈ। ਆਪਣੀ ਅਜਿਹੀ ਸੰਵੇਦਨਾ ਦਾ ਪ੍ਰਗਟਾਵਾ ਕਰਦਾ ਪਾਸ਼ ਲਿਖਦਾ ਹੈ,

ਮੇਰੀ ਮਹਿਬੂਬ ਤੈਨੂੰ ਵੀ ਗਿਲਾ ਹੋਣਾ ਮੁਹੱਬਤ ਤੇ
ਮੇਰੀ ਖ਼ਾਤਿਰ ਤੇਰੇ ਔਖੇ ਜਿਹੇ ਸਾਹਵਾਂ ਦਾ ਕੀ ਬਣਿਆ.....
ਕਵੀ ਹੋ ਕੇ ਵੀ ਕਿੰਨਾਂ ਅਣਪੜ੍ਹੀ ਛੱਡ ਜਾਂਦਾ ਹਾਂ
ਤੇਰੇ ਨੈਣਾਂ ਦੇ ਅੰਦਰ ਲਿਖੀ ਇਕਰਾਰ ਦੀ ਕਵਿਤਾ
ਤੇਰੇ ਲਈ ਰਾਖਵੇਂ ਹੋਠਾਂ ਤੇ ਹੈ ਪਥਰਾ ਗਈ ਅੜੀਏ

ਬੜੀ ਕੌੜੀ, ਬੜੀ ਬੇਰਸ, ਮੇਰੇ ਰੁਜ਼ਗਾਰ ਦੀ ਕਵਿਤਾ।

ਭਾਵੇਂ ਪਾਸ਼ ਨੇ ਵਧੇਰੇ ਕਰਕੇ ਖੁੱਲ੍ਹੀਆਂ ਕਵਿਤਾਵਾਂ ਹੀ ਲਿਖੀਆਂ ਹਨ ਪਰੰਤੂ ਉਹ ਗੀਤ ਅਤੇ ਗ਼ਜ਼ਲ ਲਿਖਣ ਵਿੱਚ ਵੀ ਨਿਪੁੰਨ ਸੀ। ਉਸ ਵੱਲੋਂ ਖੁੱਲ੍ਹੀ ਕਵਿਤਾ ਲਿਖਣ ਦਾ ਵੱਡਾ ਕਾਰਨ ਇਹੀ ਹੈ ਕਿ ਇਸ ਦੇ ਮਾਧਿਅਮ ਦੁਆਰਾ ਉਹ ਵੰਗਾਰ ਅਤੇ ਲਲਕਾਰ ਦੇ ਸੰਦੇਸ਼ ਨੂੰ ਵਧੇਰੇ ਚੰਗੀ ਤਰ੍ਹਾਂ ਪੇਸ਼ ਕਰ ਸਕਦਾ ਹੈ। ਪਾਸ਼ ਨੇ ਆਪਣੀਆਂ ਕਵਿਤਾਵਾਂ ਵਿੱਚ ਜਜ਼ਬੇ ਦੀ ਸ਼ਿੱਦਤ ਨੂੰ ਬਣਾਈ ਰੱਖਣ ਵਾਸਤੇ ਸੰਭਾਸ਼ਣਤਾ ਅਤੇ ਵਿਵਰਣਾਤਮਕ ਵਿਧੀ ਦਾ ਪ੍ਰਯੋਗ ਕੀਤਾ ਹੈ।

ਬਿੰਬਾਂ ਅਤੇ ਚਿੰਨ੍ਹਾਂ ਦੇ ਕੁਸ਼ਲ ਪ੍ਰਯੋਗ ਦੇ ਨਾਲ-ਨਾਲ ਪਾਸ਼ ਨੇ ਅਲੰਕਾਰਾਂ ਦਾ ਵੀ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਪਾਸ਼ ਦੇ ਕਾਵਿ ਸੰਸਾਰ ਵਿੱਚ ਪੇਸ਼ ਹੋਣ ਵਾਲੇ ਅਲੰਕਾਰ ਮੌਲਿਕ, ਸੱਜਰੇ ਅਤੇ ਸਮਕਾਲੀ ਪਰਿਸਥਿਤੀਆਂ ਦੀ ਪ੍ਰਤਿਨਿਧਤਾ ਕਰਦੇ ਹਨ-

ਮੇਰੀ ਦੋਸਤ ਆਪਾਂ ਯਾਦ ਰੱਖਾਂਗੇ
ਇਨੇ ਲੁਹਾਰ ਦੀ ਭੱਠੀ ਦੇ ਵਾਂਗ ਤਪਣ ਵਾਲੇ
ਆਪਣੇ ਪਿੰਡ ਦੇ ਟਿੱਬੇ
ਰਾਤ ਨੂੰ ਫੁੱਲਾਂ ਵਾਂਗ ਮਹਿਕ ਉੱਠਦੇ ਹਨ।

ਪਾਸ਼ ਦੀ ਸ਼ੈਲੀ ਵਿੱਚ ਵਿਅੰਗ ਦਾ ਲੱਛਣ ਬੜਾ ਉੱਘੜਵਾਂ ਅਤੇ ਸਪਸ਼ਟ ਹੈ। ਵਿਅੰਗ ਦੇ ਮਾਧਿਅਮ ਦੁਆਰਾ ਉਹ ਸਮਾਜ ਅਤੇ ਵਿਅਕਤੀ ਦੇ ਅੰਦਰੂਨੀ ਊਣਾਂ, ਵਿਗਾੜਾਂ ਅਤੇ ਵਿਸੰਗਤੀਆਂ ਨੂੰ ਉਭਾਰਦਾ ਹੈ। ਉਹ ਜਾਣਦਾ ਹੈ ਕਿ ਵਿਅੰਗ ਯਥਾਰਥ ਤੱਕ ਜਾਣ ਦਾ ਸਭ ਤੋਂ ਛੋਟਾ ਅਤੇ ਸਿੱਧਾ ਰਾਹ ਹੈ।

ਪਾਸ਼ ਦਾ ਸ਼ਬਦ-ਭੰਡਾਰ ਉਸ ਦੇ ਕਾਵਿ-ਅਨੁਭਵ ਨੂੰ ਪੇਸ਼ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਸਿੱਧ ਹੁੰਦਾ ਹੈ। ਆਪਣੇ ਸਾਥੀਆਂ ਕਾਮਰੇਡਾਂ ਨਾਲ ਗੱਲਬਾਤ ਕਰਨ ਸਮੇਂ ਉਹ ਅੰਗਰੇਜ਼ੀ ਭਾਸ਼ਾ ਦੀ ਨਿੱਤ ਵਰਤੀ ਜਾਣ ਵਾਲੀ ਸ਼ਬਦਬਲੀ ਦਾ ਪ੍ਰਯੋਗ ਕਰਦਾ ਹੈ ਕਿਤੇ-ਕਿਤੇ ਉਤੇਜਨਾ ਦੇ ਛਿਣਾਂ ਵਿੱਚ ਜਾ ਕੇ ਉਹ ਖਿੱਝ ਕੇ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਵਰਤਣ ਲੱਗਦਾ ਹੈ। ਇਸ ਤਰ੍ਹਾਂ ਆਪਣੇ ਭਾਵਾਂ ਦੇ ਅਭਿਵਿਅੰਜਨ ਲਈ ਉਸ ਨੂੰ ਸ਼ਬਦਾਵਲੀ ਦੀ ਘਾਟ ਮਹਿਸੂਸ ਨਹੀਂ ਹੁੰਦੀ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਪਾਸ਼ ਮਾਨਵ ਕਲਿਆਣ ਦਾ ਮੁਦੱਈ ਸੀ। ਮਾਨਵਤਾ ਦੇ ਕਲਿਆਣ ਲਈ ਉਸ ਨੂੰ ਪ੍ਰਾਪਤ ਸਮਿਆਂ ਵਿੱਚ ਕ੍ਰਾਂਤੀ ਦਾ ਰਾਹ ਹੀ ਵਧੇਰੇ ਉਚਿਤ ਜਾਪਿਆ। ਉਹ ਜਾਣਦਾ ਸੀ ਕਿ ਪੂੰਜੀਵਾਦੀ ਨਿਜ਼ਾਮ ਵਿੱਚ ਸੱਤਾ ਦੇ ਲਾਲਚੀ ਆਪਣੀਆਂ ਸ਼ੋਸ਼ਣਕਾਰੀ ਨੀਤੀਆਂ ਨਾਲ ਗ਼ਰੀਬ ਲੋਕਾਂ ਦੀ ਲੁੱਟ ਕਰਦੇ ਹਨ। ਸੰਘਰਸ਼ ਤੇ ਕ੍ਰਾਂਤੀ ਚੇਤਨਾ ਹੀ ਲੋਕਾਂ ਨੂੰ ਉਹਨਾਂ ਦੇ ਹੱਕ ਦਿਵਾਉਣ ਦਾ ਅੰਤਿਮ ਮਾਰਗ ਹੈ। ਪਾਸ਼ ਆਪਣੀ ਪਰਿਪੱਕ ਵਿਚਾਰਧਾਰਾ ਲਈ ਸਦਾ ਪੰਜਾਬੀ ਦੇ ਸਿਰਮੌਰ ਕਵੀਆਂ ਵਿੱਚ ਗਿਣਿਆ ਜਾਂਦਾ ਰਹੇਗਾ।